a2zpapers.com

**Exam. Code : 103203**
**Subject Code : 1166**

## B.A./B.Sc. Semester—III

## BASIC PUNJABI

Time Allowed—3 Hours] [Maximum Marks—50

**ਨੋਟ :-** ਸਾਰੇ ਪ੍ਰਸ਼ਨ ਕਰਨੇ ਲਾਜ਼ਮੀ ਹਨ।

1. (ੳ) ਵਾਕੰਸ਼ ਦੀ ਪਰਿਭਾਸ਼ਾ ਲਿਖੋ ਅਤੇ ਨਾਂਵ ਵਾਕੰਸ਼ ਤੇ ਕਿਰਿਆ ਵਾਕੰਸ਼ ਦੀਆਂ ਦੋ-ਦੋ ਉਦਾਹਰਨਾਂ ਦਿਉ। 5

(ਅ) ਉਪਵਾਕ ਦੀ ਪਰਿਭਾਸ਼ਾ ਉਦਾਹਰਣਾਂ ਸਹਿਤ ਸਪੱਸ਼ਟ ਕਰੋ। 5

(ੲ) ਮੁੱਖ ਉਪਵਾਕ ਅਤੇ ਅਧੀਨ ਉਪਵਾਕ ਵਿੱਚ ਅੰਤਰ ਸਪੱਸ਼ਟ ਕਰੋ। 5

(ਸ) ਇਕ ਸਧਾਰਨ, ਦੋ ਮਿਸ਼ਰਤ ਅਤੇ ਦੋ ਸੰਯੁਕਤ ਵਾਕ ਲਿਖੋ। 5

2. (ੳ) ਨਿਮਨਲਿਖਿਤ ਵਿੱਚੋਂ ਕਿਸੇ **ਇੱਕ** ਵਿਸ਼ੇ 'ਤੇ ਪੈਰਾ-ਰਚਨਾ ਕਰੋ :

(i) ਭ੍ਰਿਸ਼ਟਾਚਾਰ

(ii) ਜੰਗ ਤੇ ਅਮਨ

(iii) ਸੰਪ੍ਰਦਾਇਕਤਾ। 5



a2zpapers.com
www.a2zpapers.com
We provide GNDU question papers, PTU question papers, PU question papers,
a2zpapers.com

a2zpapers.com

(ਅ) ਪੁਸਤਕ ਵਿਕਰੇਤਾ ਨੂੰ ਕੁਝ ਪੁਸਤਕਾਂ ਭੇਜਣ ਲਈ ਪੱਤਰ ਲਿਖੋ। 5

(ੲ) ਹੇਠ ਲਿਖੇ ਅਖਾਣਾਂ ਅਤੇ ਮੁਹਾਵਰਿਆਂ ਨੂੰ ਇਸ ਤਰ੍ਹਾਂ ਵਾਕਾਂ ਵਿੱਚ ਵਰਤੋ ਕਿ ਇਹਨਾਂ ਦੇ ਅਰਥ ਸਪਸ਼ਟ ਹੋ ਜਾਣ :

ਅੱਖਾਂ ਮੀਟ ਜਾਣਾ, ਹੱਥ ਤੰਗ ਹੋਣਾ, ਰਾਤ ਦਿਨ ਇਕ ਕਰਨਾ, ਜਿਸਦੀ ਕੋਠੀ ਦਾਣੇ ਉਹਦੇ ਕਮਲੇ ਵੀ ਸਿਆਣੇ, ਸੱਦੀ ਨਾ ਬੁਲਾਈ ਮੈਂ ਲਾੜੇ ਦੀ ਤਾਈ। 5×1=5

a2zpapers.com

3. (ੳ) ਹੇਠ ਲਿਖਿਆ ਪੈਰ੍ਹਾ ਪੜ੍ਹ ਕੇ ਪੁੱਛੇ ਗਏ ਪ੍ਰਸ਼ਨਾਂ ਦੇ ਉੱਤਰ ਦਿਉ :

ਪਹੀਆ ਪ੍ਰਗਤੀ ਦੀ ਨਿਸ਼ਾਨੀ ਹੈ। ਏਸ਼ੀਆ ਵਿੱਚ ਕੋਈ ਦਸ ਹਜ਼ਾਰ ਸਾਲ ਪਹਿਲਾਂ ਇਸ ਦੀ ਈਜਾਦ ਹੋਈ ਸੀ। ਅੱਜ ਸਾਰਾ ਜੀਵਨ ਪਹੀਏ ਨਾਲ ਇਕਮਿਕ ਹੈ। ਜ਼ਰਾ ਪਹੀਆ ਰਹਿਤ ਸੰਸਾਰ ਦੀ ਕਲਪਨਾ ਕਰੋ ਤਾਂ ਤੁਹਾਨੂੰ ਸਾਰਾ ਜਨਜੀਵਨ ਠੱਪ ਹੁੰਦਾ ਨਜ਼ਰ ਆਏਗਾ। ਪਹੀਆ ਬੇਜਾਨ ਹੈ। ਇਸ ਵਿੱਚ ਆਪਣੇ-ਆਪ ਚੱਲਣ ਦੀ ਕੋਈ ਸ਼ਕਤੀ ਨਹੀਂ। ਕੇਵਲ ਬਾਹਰੀ ਸ਼ਕਤੀ ਹੀ ਇਸ ਨੂੰ ਧੱਕ ਸਕਦੀ ਹੈ ਅਤੇ ਲੋੜੀਂਦੀ ਦਿਸ਼ਾ ਵਿੱਚ ਮੋੜ ਸਕਦੀ ਹੈ। ਇਸ ਨੂੰ ਚਲਾਉਣ ਵਾਲੀ ਸ਼ਕਤੀ, ਜੀਵੀ ਜਿਵੇਂਕਿ ਘੋੜਾ/ਖੱਚਰ ਆਦਿ ਜਾਂ ਫਿਰ ਨਿਰਜੀਵੀ ਡੀਜ਼ਲ/ਪੈਟਰੋਲ ਆਦਿ ਹੋ ਸਕਦੀ ਹੈ।

**ਪ੍ਰਸ਼ਨ :**

(i) ਪਹੀਆ ਕਿਸ ਦੀ ਨਿਸ਼ਾਨੀ ਹੈ?

(ii) ਪਹੀਏ ਦੀ ਖੋਜ ਕਦੋਂ ਅਤੇ ਕਿਥੇ ਹੋਈ ?

(iii) ਪਹੀਆ ਰਹਿਤ ਸੰਸਾਰ ਕਿਹੋ ਜਿਹਾ ਹੋਵੇਗਾ ?



a2zpapers.com
www.a2zpapers.com
We provide GNDU question papers, PTU question papers, PU question paper

a2zpapers.com

(iv) ਪਹੀਆ ਕਿਸ ਸ਼ਕਤੀ ਨਾਲ ਚੱਲਦਾ ਹੈ ?

(v) ਪੈਰ੍ਹੇ ਦਾ ਢੁੱਕਵਾਂ ਸਿਰਲੇਖ ਲਿਖੋ। 5×1=5

(ਅ) ਹੇਠ ਲਿਖੇ ਪੈਰ੍ਹੇ ਦੀ ਇਕ ਤਿਹਾਈ ਸ਼ਬਦਾਂ ਵਿੱਚ ਸੰਖੇਪ ਰਚਨਾ ਕਰੋ ਅਤੇ ਢੁੱਕਵਾਂ ਸਿਰਲੇਖ ਵੀ ਦਿਉ :

ਅਜੇ ਵੀ ਆਮ ਨਾਰੀ ਜ਼ੁਲਮ ਦਾ ਸ਼ਿਕਾਰ ਹੋ ਰਹੀ ਹੈ। ਉਹ ਤਾਂ ਆਪਣੇ ਘਰ ਵਿੱਚ ਵੀ ਸੁਰੱਖਿਅਤ ਨਹੀਂ, ਔਰਤਾਂ ਦੀ ਮਾਰਕੁਟ, ਉਹਨਾਂ ਨਾਲ ਗਾਲੀ ਗਲੋਚ ਤੇ ਬਲਾਤਕਾਰ ਜਿਹੇ ਜ਼ੁਰਮ ਅੱਜ ਵੀ ਬਹੁਤ ਸਾਰੇ ਘਰਾਂ ਵਿੱਚ ਆਮ ਜਿਹੀ ਗੱਲ ਹੈ। ਸ਼ਕਤੀ ਦੀ ਕਾਣੀ ਵੰਡ ਸਾਰੇ ਸਮਾਜ ਲਈ ਹੀ ਨੁਕਸਾਨਦੇਹ ਹੈ। ਮਰਦਊਪੁਣਾ ਮਰਦਾਂ ਲਈ ਵੀ ਹਾਨੀਕਾਰਕ ਹੈ। ਹਰ ਵੇਲੇ ਦਾ ਮੁਕਾਬਲਾ ਤੇ ਜਮ੍ਹਾਂ ਤਕਸੀਮ ਉਹਨਾਂ ਦੇ ਚਿੰਤਾ ਫ਼ਿਕਰ ਦਾ ਕਾਰਨ ਬਣਦੀ ਹੈ ਜੋ ਉਹਨਾਂ ਦੀ ਸਿਹਤ ਤੇ ਮਾੜਾ ਅਸਰ ਪਾਉਂਦਾ ਹੈ। ਸੋ ਸਮਾਜ ਨੂੰ ਵਿਕਾਸ ਦੇ ਰਾਹ 'ਤੇ ਤੋਰਨ ਲਈ ਨਾਰੀ ਨੂੰ ਸਸ਼ਕਤ ਕਰਨਾ ਜ਼ਰੂਰੀ ਹੈ। ਨਾਰੀ ਦਾ ਸਸ਼ਕਤ ਹੋਣਾ ਕਿਸੇ ਸਿਸਟਮ ਨੂੰ ਸੱਟ ਮਾਰਨ ਲਈ ਜਾਂ ਕਮਜ਼ੋਰ ਕਰਨ ਲਈ ਨਹੀਂ ਹੈ ਸਗੋਂ ਵਿਕਾਸ ਦੀ ਪ੍ਰਕਿਰਿਆ ਵਿੱਚ ਉਹਨਾਂ ਦੀ ਸਹੀ ਅਰਥਾਂ ਵਿੱਚ ਸ਼ਮੂਲੀਅਤ ਹੈ। ਸਸ਼ਕਤ ਨਾਰੀ ਹੀ ਸਸ਼ਕਤ ਤੇ ਨਰੋਏ ਸਮਾਜ ਦੀ ਮੁੱਖ ਆਧਾਰ ਸ਼ਿਲਾ ਬਣ ਸਕਦੀ ਹੈ।

10



a2zpapers.com
www.a2zpapers.com
We provide GNDU question papers, PTU question papers, PU question paper

a2zpapers.com